# ਦਫਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਬਲਾਕ-ਈ, ੬ਵੀਂ ਮੰਜਿਲ, ਫੇਜ਼-੮, ਮੋਹਾਲੀ
(ਐਫੀਲੀਏਸ਼ਨ ਸ਼ਾਖਾ)

## ਪਬਲਿਕ ਨੋਟਿਸ

ਵਿਸ਼ਾ: ਰਾਜ ਰਾਜ ਅੰਦਰ ਵੱਖ-ਵੱਖ ਯੂਨੀਵਰਸਿਟੀਆਂ ਦੇ ਸਰਕਾਰੀ ਅਤੇ ਸੈਲਫ ਫਾਇਨਾਂਸਡ ਕਾਲਜਾਂ ਵਿੱਚ ਬੀ.ਐਡ. ਕਰ ਰਹੇ ਸਿੱਖਿਆਰਥੀਆਂ ਲਈ ਸਰਕਾਰੀ ਸਕੂਲਾਂ ਵਿੱਚ ਟੀਚਿੰਗ ਪ੍ਰੈਕਟਿਸ ਲਗਾਉਣ ਸਬੰਧੀ।।

ਰਾਜ ਦੇ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸੈਲਫ ਫਾਈਨਾਂਸਡ ਕਾਲਜਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖਿਆ ਵਿਭਾਗ ਵੱਲੋਂ, ਰਾਜ ਦੇ ਕਾਲਜਾਂ ਵਿੱਚ ਬੀ.ਐਡ. ਕੋਰਸ ਕਰ ਰਹੇ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਰਾਜ ਦੇ ਵੱਖ ਵੱਖ ਸਰਕਾਰੀ ਸਕੂਲਾਂ ਵਿੱਚ ਲਗਾਈ ਗਈ ਹੈ। ਸਿੱਖਿਆਰਥੀਆਂ ਨੂੰ ਸਕੂਲਾਂ ਦੀ ਅਲਾਟਮੈਂਟ, ਟੀਚਿੰਗ ਪ੍ਰੈਕਟਿਸ ਲਈ ਵਿਭਾਗ ਵੱਲੋਂ ਬਣਾਏ ਗਏ ਪੋਰਟਲ ਤੇ ਕਾਲਜਾਂ ਵੱਲੋਂ ਸਿੱਖਿਆਰਥੀਆਂ ਦੇ ਅਪਲੋਡ ਕੀਤੇ ਗਏ ਵੇਰਵਿਆ ਅਨੁਸਾਰ ਕੀਤੀ ਗਈ ਹੈ। ਪ੍ਰੰਤੂ ਬਹੁਤ ਸਾਰੇ ਕਾਲਜਾਂ ਦੇ ਸਿੱਖਿਆਰਥੀਆਂ ਦੇ ਵੇਰਵੇ ਕਾਲਜਾਂ ਵੱਲੋਂ ਪੋਰਟਲ ਤੇ ਅਪਲੋਡ ਨਾਂ ਕਰਨ ਕਰਕੇ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਨਹੀਂ ਹੋਈ।

ਵਿਭਾਗ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਪਹਿਲਾਂ ਵੇਰਵੇ ਅਪਲੋਡ ਨਾਂ ਹੋਣ ਕਾਰਨ ਰਹਿ ਗਏ ਬੀ.ਐਡ. ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਲਗਾਉਣ ਲਈ ਸਬੰਧਤ ਪੋਰਟਲ ਦੁਬਾਰਾ ਖੋਲਿਆ ਜਾ ਰਿਹਾ ਹੈ। ਇਸ ਲਈ ਪਹਿਲਾਂ ਵੇਰਵੇ ਅਪਲੋਡ ਨਾਂ ਕਰਨ ਵਾਲੇ ਕਾਲਜਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਕਾਲਜ ਦੇ ਸਿੱਖਿਆਰਥੀਆਂ ਦੇ ਵੇਰਵੇ ਸਬੰਧਤ ਪੋਰਟਲ ਤੇ ਅਪਲੋਡ ਕਰ ਸਕਦੇ ਹਨ। ਜਿਨ੍ਹਾਂ ਕਾਲਜਾਂ ਵੱਲੋਂ ਸਿੱਖਿਆਰਥੀਆਂ ਦੇ ਵੇਰਵੇ ਅਪਲੋਡ ਕਰ ਦਿੱਤੇ ਜਾਣਗੇ ਉਨ੍ਹਾਂ ਕਾਲਜਾਂ ਦੇ ਸਿੱਖਿਆਰਥੀਆਂ ਨੂੰ ਸਕੂਲ daily basis ਤੇ ਅਲਾਟ ਕੀਤੇ ਜਾਣਗੇ।

20.9.19

ਸਹਾਇਕ ਡਾਇਰੈਕਟਰ (ਐਫੀਲੀਏਸ਼ਨ)